ਡਾਇਰੈਕਟਰ ਜਨਰਲ ਸਕੂਲ ਸਿੱਖਿਆ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ
ਪੰਜਾਬ ਸਕੂਲ ਸਿੱਖਿਆ ਬੋਰਡ ਬਿਲਡਿੰਗ, ਈ-ਬਲਾਕ, 5ਵੀਂ ਮੰਜ਼ਿਲ, ਮੋਹਾਲੀ (ਅਜੀਤਗੜ੍ਹ)

ਵੱਲ:-

ਜ਼ਿਲ੍ਹਾ ਸਿੱਖਿਆ ਅਫ਼ਸਰ,( ਸੈ.ਸਿੱ),
ਬਰਨਾਲਾ, ਜਲੰਧਰ, ਲੁਧਿਆਣਾ, ਮੋਗਾ, ਮਾਨਸਾ, ਸ੍ਰੀ ਮੁਕਤਸਰ ਸਾਹਿਬ, ਨਵਾਂਸਹਿਰ, ਪਠਾਨਕੋਟ, ਤਰਨਤਾਰਨ ਅਤੇ ਹੁਸਿਆਰਪੁਰ।

ਮੀਮੋ ਨੰ: ਗਾਈਡੈਂਸ ਐਂਡ ਕਾਊਂਸਲਿੰਗ/2019/28084
ਮਿਤੀ: 5/9/2019

ਵਿਸ਼ਾ:- RICM,ਸੈਕਟਰ 32-C ,ਚੰਡੀਗੜ੍ਹ ਵਿਖੇ Residential training ਕਰਵਾਉਣ ਸਬੰਧੀ।

ਉਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਪਤਾ ਹੈ ਕਿ ਵਿਦਿਆਰਥੀਆਂ ਲਈ General Counseling ਅਤੇ ਉਹਨਾਂ ਦੇ ਕੈਰੀਅਰ ਸਬੰਧੀ ਗਾਈਡੈਂਸ ਉਹਨਾਂ ਦੇ ਜੀਵਨ ਵਿੱਚ ਇੱਕ ਅਹਿਮ ਰੋਲ ਅਦਾ ਕਰਦੀ ਹੈ ਅਤੇ ਜੇ ਇਹ ਕੰਮ ਇੱਕ ਅਜਿਹੇ ਅਧਿਆਪਕ ਦੇ ਦੁਆਰਾ ਕੀਤਾ ਜਾਵੇ, ਜੋ ਕਿ ਆਪਣੇ ਕੰਮ ਪ੍ਰਤੀ ਅਥਾਹ ਸਪਰਪਣ/dedication/ਲਗਨ ਅਤੇ ਉਤਸਾਹ ਰੱਖਦਾ ਹੋਵੇ ਅਤੇ ਵਿਦਿਆਰਥੀਆਂ ਦੀ ਕਾਊਂਸਲਿੰਗ ਲਈ ਹਮੇਸ਼ਾ ਤੱਤਪਰ ਰਹਿੰਦਾ ਹੋਵੇ।ਉਹ ਵਿਦਿਆਰਥੀਆਂ ਲਈ ਇੱਕ Helping Hand ਬਣਨ ਲਈ ਹਰ ਸੀਮਾ ਤੱਕ ਜਾਣ ਲਈ ਤਿਆਰ ਹੋਵੇ।ਅੱਜ ਦੇ Scenario ਵਿੱਚ ਵਿਦਿਆਰਥੀ ਵੱਖ-2 Mental Health issues/stress/depression/Health problem ਤੋਂ ਵੀ ਲੰਘ ਰਹੇ ਹਨ ਅਤੇ ਇਹ ਸਭ Problem ਨੂੰ ਕਾਊਂਸਲਿੰਗ ਦੁਆਰਾ ਹੀ ਹੱਲ ਕੀਤਾ ਜਾ ਸਕਦਾ ਹੈ।

ਆਪ ਜੀ ਨੂੰ ਬੇਨਤੀ ਹਿੱਤ ਲਿਖਿਆ ਜਾਂਦਾ ਹੈ ਕਿ ਆਪਣੇ ਆਪਣੇ ਜ਼ਿਲ੍ਹਾ ਦੇ ਹਰ ਇੱਕ ਸੀਨੀਅਰ ਸੈਕੰਡਰੀ ਸਕੂਲ ਵਿੱਚੋਂ ਇੱਕ-2 ਅਧਿਆਪਕ ਟਰੇਨਿੰਗ ਲਈ Nominate ਕੀਤਾ ਜਾਵੇ ਜੋ ਇੱਕ ਪੂਰਨ ਰੂਪ ਵਿੱਚ motivation ਨਾਲ ਭਰਪੂਰ ਹੋਵੇ ਅਤੇ ਸਕੂਲ ਕਾਊਂਸਲਰ ਦੇ ਰੂਪ ਵਿੱਚ ਕੰਮ ਕਰ ਸਕੇ।

ਇਸ ਕੰਮ ਲਈ ਹੇਠ ਲਿਖੀ ਯੋਗਤਾ ਵਾਲੇ ਅਧਿਆਪਕਾਂ ਨੂੰ ਪਹਿਲ ਦਿੱਤੀ ਜਾਵੇ:-

1. MGSIPA ਤੋਂ ਟਰੇਨਿੰਗ ਲੈ ਚੁੱਕੇ ਅਧਿਆਪਕ
2. B.Ed with child psychology
3. M.A. psychology

Scanned by CamScanner

4. Diploma in Guidance and counseling

5. M.Ed

6. M.A. Sociology

ਇਸ ਗੱਲ ਨੂੰ ਧਿਆਨ ਵਿੱਚ ਰੱਖਿਆ ਜਾਵੇ ਕਿ ਉਪਰੋਕਤ ਤੋਂ ਇਲਾਵਾ ਵੀ ਸਕੂਲ ਦਾ ਕੋਈ ਅਧਿਆਪਕ ਜੋ ਇਸ ਕੰਮ ਨੂੰ voluntarily ਕਰਨ ਦਾ ਇੱਛੁਕ ਹੋਵੇ ,ਉਸ ਦਾ ਨਾਮ ਵੀ Training ਲਈ Nominate ਕਰਕੇ ਭੇਜਿਆ ਜਾ ਸਕਦਾ ਹੈ।ਬਦਲੀ ਦੇ ਚਾਹਵਾਨ ਅਧਿਆਪਕ ਨੂੰ ਟਰੇਨਿੰਗ ਲਈ ਨਾ ਭੇਜਿਆ ਜਾਵੇ।ਇਸ ਟਰੇਨਿੰਗ ਵਿੱਚ ਆਪਣੇ-2 ਜਿਲ੍ਹੇ ਦੇ ਜਿਲ੍ਹਾ ਗਾਈਡੈਂਸ ਕਾਊਂਸਲਰ ਨੂੰ ਵੀ ਭੇਜਣਾ ਯਕੀਨੀ ਬਣਾਇਆ ਜ਼ਾਵੇ।

ਹੁਣ ਤੱਕ 9 ਜਿਲ੍ਹਿਆਂ ਦੀ ਟਰੇਨਿੰਗ ਕਰਵਾਉਣ ਉਪਰੰਤ ਇਹ ਵੇਖਿਆਂ ਗਿਆ ਕਿ ਕੁਝ ਸਕੂਲਾਂ ਦੇ ਪ੍ਰਿੰਸੀਪਲਜ਼ ਨੇ ਇਸ ਪ੍ਰੋਜੈਕਟ ਦੀ ਗੰਭੀਰਤਾ ਨੂੰ ਨਾਂ ਸਮਝਦੇ ਹੋਏ ਇੱਕ formality ਸਮੱਝਦੇ ਹੋਏ ਕਿਸੇ ਵੀ ਅਧਿਆਪਕ ਦਾ ਨਾਮ nominate ਕਰਕੇ ਭੇਜ ਦਿੱਤਾ।ਬਿਨਾਂ ਇਸ ਗੱਲ ਦਾ ਨੋਟਿਸ ਲੈਂਦੇ ਹੋਏ ਕਿ ਕੀ ਅਧਿਆਪਕ ਇਸ ਕੰਮ ਨੂੰ ਸੁਚਾਰੂ ਢੰਗ ਨਾਲ ਕਰਨ ਦੇ ਯੋਗ ਹੈ ਜਾਂ ਨਹੀਂ

ਹਿਦਾਇਤ ਹਿੱਤ ਲਿਖਿਆ ਜਾਂਦਾ ਹੇ ਕਿ ਪ੍ਰੋਜੈਕਟ ਦੀ ਗੰਭੀਰਤਾ ਨੂੰ ਵੇਖਦੇ ਹੋਏ ਆਪਣੇ ਜਿਲ੍ਹੇ ਦੇ ਬਹੁਤ ਹੀ ਯੋਗ 40 ਅਧਿਆਪਕ (ਵੱਖ-2 ਸੀਨੀਅਰ ਸੈਕੰਡਰੀ ਸਕੂਲਾਂ ਦੇ 40 ਅਧਿਅਪਕ, ਭਾਵ ਹਰੇਕ ਸੀਨੀਅਰ ਸੈਕੰਡਰੀ ਸਕੂਲ ਦਾ senior most dedicated teacher ਹੀ ਭੇਜਿਅ ਜਾਵੇ।

ਅਧਿਆਪਕਾਂ ਦੇ ਨਾਵਾਂ ਦੀ ਲਿਸਟ ਮਿਤੀ 07 ਸਤੰਬਰ ਤੱਕ ਜਿਲ੍ਹਾ ਗਾਈਡੈਂਸ ਕਾਊਂਸਲਰ ਦੁਆਰਾ bureauguidance44@gmail.com 'ਤੇ ਭੇਜੀ ਜਾਵੇ ਤਾਂ ਜ਼ੋ ਇਨ੍ਹਾ ਅਧਿਆਪਕਾਂ ਦੀ ਅਗਲੇ ਹਫ਼ਤੇ ਹੋਣ ਵਾਲੀ video conferencing ਵਿੱਚ ਹਾਜ਼ਰੀ ਯਕੀਨੀ ਹੋ ਸਕੇ।ਇਸ ਨੂੰ ਅਤਿ ਜ਼ਰੂਰੀ ਸਮੱਝਿਆ ਜਾਵੇ।

(signature)

ਸਟੇਟ ਪ੍ਰੋਜੈਕਟ ਕੋਆਰਡੀਨੇਟਰ
ਪੰਜਾਬ।

ਦਫਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਮਾਨਸਾ

ਪੱਤਰ ਨੰ: ਗਾਈਡੈਂਸ/2019/2019292669 ਮਿਤੀ: 09/07/19.

ਉਪਰੋਕਤ ਦਾ ਉਤਾਰਾ ਸਮੂਹ ਸ. ਸੈਕੰਡਰੀ ਸਕੂਲਾਂ ਦੇ ਮੁਖੀਆਂ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਉਪਰੋਕਤ ਪੱਤਰ ਵਿੱਚ ਦਰਜ ਹਦਾਇਤਾਂ ਅਨੁਸਾਰ ਸਕੂਲ ਵਿੱਚੋਂ ਕਿਸੇ ਇੱਕ ਅਧਿਆਪਕ ਦਾ ਨਾਮ, ਸਮੇਤ ਮੋਬਾਈਲ ਨੰ., ਅਹੁਦਾ ਅਤੇ ਸਕੂਲ ਦਾ ਨਾਮ, ਤੁਰੰਤ ਇਸ ਦਫਤਰ ਦੀ email ID. voc.deosemansa@gmail.com ਤੇ ਭੇਜਣਾ ਯਕੀਨੀ ਬਣਾਇਆ ਜਾਵੇ।

ਨੋਟ :- ਸੂਚਨਾ Excel ਵਿੱਚ ਅੰਗਰੇਜ਼ੀ ਵਿੱਚ ਭੇਜੀ ਜਾਵੇ।

(signature) 09/09/19
ਉਪ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ) ਮਾਨਸਾ

Scanned by CamScanner